ਮਿੱਠੇ ਬੱਚੇ:- "ਮਿੱਠੇ ਬੱਚੇ - ਦੇਹੀ-ਅਭਿਮਾਨੀ ਬਣੋ ਤਾਂ ਵਿਕਲਪ ਖ਼ਤਮ ਹੋ ਜਾਣਗੇ, ਕਿਸੇ ਵੀ ਗੱਲ ਤੋਂ ਡਰ ਨਹੀਂ ਲੱਗੇਗਾ, ਤੁਸੀਂ ਫ਼ਿਕਰ ਤੋਂ ਫਾਰਿਗ ਹੋ ਜਾਓਗੇ ।"

ਪ੍ਰਸ਼ਨ:- ਨਵੇਂ ਝਾੜ ਦਾ ਵਾਧਾ ਕਿਸ ਤਰ੍ਹਾਂ ਹੁੰਦਾ ਹੈ ਅਤੇ ਕਿਓਂ?

ਉੱਤਰ:- ਨਵੇਂ ਝਾੜ ਦਾ ਵਾਧਾ ਬਹੁਤ ਹੌਲੀ - ਹੌਲੀ ਅਤੇ ਜੂੰ ਵਾਂਗ ਹੁੰਦਾ ਹੈ । ਜਿਸ ਤਰ੍ਹਾਂ ਡਰਾਮਾ ਜੂੰ ਵਾਂਗ ਚੱਲ ਰਿਹਾ ਹੈ, ਇਸ ਤਰ੍ਹਾਂ ਡਰਾਮੇ ਅਨੁਸਾਰ ਇਹ ਝਾੜ ਵੀ ਹੌਲੀ - ਹੌਲੀ ਵਾਧੇ ਨੂੰ ਪਾਉਂਦਾ ਹੈ ਕਿਓਂਕਿ ਇਸ ਵਿੱਚ ਮਾਇਆ ਦਾ ਮੁਕਾਬਲਾ ਵੀ ਬਹੁਤ ਕਰਨਾ ਪੈਂਦਾ ਹੈ ਬੱਚਿਆਂ ਨੂੰ ਦੇਹੀ-ਅਭਿਮਾਨੀ ਬਣਨ ਵਿੱਚ ਮਿਹਨਤ ਲੱਗਦੀ ਹੈ। ਦੇਹੀ-ਅਭਿਮਾਨੀ ਬਣਨ ਤਾਂ ਬਹੁਤ ਖੁਸ਼ੀ ਰਹਿਣ। ਸਰਵਿਸ ਵਿੱਚ ਵਾਧਾ ਹੋਵੇ । ਬਾਪ ਅਤੇ ਵਰਸੇ ਦੀ ਯਾਦ ਰਹੇ ਤਾਂ ਬੇੜਾ ਪਾਰ ਹੋ ਜਾਏ ।

ਓਮ ਸ਼ਾਂਤੀ। ਰੂਹਾਨੀ ਬਾਪ ਬੈਠ ਰੂਹਾਨੀ ਬੱਚਿਆਂ ਨੂੰ ਸਮਝਾਉਂਦੇ ਹਨ। ਰੂਹਾਨੀ ਬਾਪ ਵੀ ਅਕਾਲਮੂਰਤ ਹਨ। ਰੂਹਾਨੀ ਬਾਪ ਕਿਹਾ ਜਾਂਦਾ ਹੈ ਪਰਮਪਿਤਾ ਪਰਮਾਤਮਾ ਨੂੰ। ਤੁਸੀਂ ਬੱਚੇ ਵੀ ਅਕਾਲਮੂਰਤ ਹੋ । ਤੁਸੀਂ ਸਿੱਖ ਲੋਕਾਂ ਨੂੰ ਵੀ ਚੰਗੀ ਤਰ੍ਹਾਂ ਸਮਝਾ ਸਕਦੇ ਹੋ। ਉਂਵੇਂ ਤਾਂ ਕਿਸੇ ਵੀ ਧਰਮ ਵਾਲਿਆਂ ਨੂੰ ਸਮਝਾ ਸਕਦੇ ਹੋ । ਇਹ ਵੀ ਬਾਪ ਨੇ ਦੱਸਿਆ ਕੇ ਝਾੜ ਹੌਲੀ - ਹੌਲੀ ਵੱਧਦਾ ਹੈ। ਜਿਸ ਤਰ੍ਹਾਂ ਡਰਾਮਾ ਜੂੰ ਵਾਂਗ ਚੱਲਦਾ ਉਸ ਤਰ੍ਹਾਂ ਝਾੜ ਵੀ ਜੂੰ ਵਾਂਗ ਵਧਦਾ ਹੈ। ਪੂਰਾ ਕਲਪ ਲੱਗਦਾ ਹੈ ਵਧਣ ਵਿੱਚ। ਹੁਣ ਤੁਹਾਡਾ ਇਹ ਨਵਾਂ ਝਾੜ ਹੈ, ਤੁਹਾਨੂੰ ਬੱਚਿਆਂ ਨੂੰ ਵੀ ਕਲਪ ਦੀ ਉਮਰ ਹੋ ਜਾਂਦੀ ਹੈ। 5 ਹਜ਼ਾਰ ਸਾਲ ਤੋਂ ਤੁਸੀਂ ਚੱਕਰ ਲਗਾਉਂਦੇ ਹੋ, ਜੂੰ ਵਾਂਗ ਇਹ ਚੱਕਰ ਚੱਲਦਾ ਹੈ। ਪਹਿਲਾਂ-ਪਹਿਲਾਂ ਤਾਂ ਆਤਮਾ ਨੂੰ ਸਮਝਣਾ ਹੈ। ਇਹ ਹੀ ਡਿਫੀਕਲਟ(ਔਖੀ) ਗੱਲ ਹੈ। ਬਾਪ ਜਾਣਦੇ ਹਨ ਡਰਾਮਾ ਅਨੁਸਾਰ ਅਹਿਸਤੇ-ਅਹਿਸਤੇ ਝਾੜ ਵਧਦਾ ਹੈ ਕਿਓਂਕਿ ਮਾਇਆ ਦਾ ਮੁਕਾਬਲਾ ਹੁੰਦਾ ਹੈ, ਇਸ ਸਮੇਂ ਉਸ ਦਾ ਰਾਜ ਹੈ ਫਿਰ ਤਾਂ ਰਾਵਣ ਹੀ ਨਹੀਂ ਰਹਿੰਦਾ। ਤੁਹਾਨੂੰ ਬੱਚਿਆਂ ਨੂੰ ਪਹਿਲਾਂ ਦੇਹੀ-ਅਭਿਮਾਨੀ ਬਣਨਾ ਹੈ। ਦੇਹੀ-ਅਭਿਮਾਨੀ ਬੱਚੇ ਸਰਵਿਸ ਬਹੁਤ ਅੱਛੀ ਕਰਨਗੇ ਅਤੇ ਬਹੁਤ ਖ਼ੁਸ਼ੀ ਵਿੱਚ ਵੀ ਰਹਿਣਗੇ। ਬੁੱਧੀ ਵਿੱਚ ਫਾਲਤੂ ਵਿਕਲਪ ਨਹੀਂ ਆਉਣਗੇ। ਜੇਕਰ ਤੁਸੀਂ ਮਾਇਆ ਤੇ ਜਿੱਤ ਪਾਉਂਦੇ ਹੋ ਤਾਂ ਫਿਰ ਤੁਹਾਨੂੰ ਕੋਈ ਹਿਲਾ ਨਹੀਂ ਸਕਦਾ। ਅੰਗਦ ਦਾ ਵੀ ਦ੍ਰਿਸ਼ਟਾਂਤ ਹੈ ਨਾ, ਇਸਲਈ ਤੁਹਾਡਾ ਮਹਾਵੀਰ ਨਾਮ ਰੱਖਿਆ ਹੈ। ਅਜੇ ਤਾਂ ਇੱਕ ਵੀ ਮਹਾਵੀਰ ਨਹੀਂ। ਮਹਾਵੀਰ ਪਿੱਛੋਂ ਜਾਕੇ ਬਣਨਗੇ, ਸੋ ਵੀ ਨੰਬਰਵਾਰ। ਜੋ ਚੰਗੀ ਸਰਵਿਸ ਕਰਦੇ ਹਨ ਓਹਨਾਂ ਨੂੰ ਮਹਾਵੀਰ ਦੀ ਲਾਈਨ ਵਿੱਚ ਰੱਖਾਂਗੇ। ਅਜੇ ਵੀਰ ਹਨ, ਮਹਾਵੀਰ ਪਿੱਛੋਂ ਜਾਕੇ ਹੋਣਗੇ। ਜਰਾ ਵੀ ਕੋਈ ਸੰਸ਼ੇ ਨਹੀਂ ਆਉਣਾ ਚਾਹੀਦਾ। ਕੋਈ ਤਾਂ ਬਹੁਤ ਹੰਕਾਰ ਵਿੱਚ ਆ ਜਾਂਦੇ ਹਨ। ਕਿਸੇ ਦੀ ਵੀ ਪਰਵਾਹ ਨਹੀਂ ਕਰਦੇ। ਇਸ ਵਿੱਚ ਤਾਂ ਬੜੀ ਨਿਮਰਤਾ ਨਾਲ ਕਿਸੇ ਨੂੰ ਸਮਝਾਉਣਾ ਹੁੰਦਾ ਹੈ। ਅਮ੍ਰਿਤਸਰ ਵਿੱਚ ਸਿੱਖਾਂ ਦੀ ਤੁਸੀਂ ਸਰਵਿਸ ਕਰ ਸਕਦੇ ਹੋ। ਸੰਦੇਸ਼ ਤਾਂ ਸਾਰਿਆਂ ਨੂੰ ਇੱਕ ਹੀ ਦੇਣਾ ਹੈ। ਬਾਪ ਨੂੰ ਯਾਦ ਕਰਕੇ ਤੁਹਾਡੀ ਆਤਮਾ ਦੀ ਕੱਟ (ਜੰਗਲ) ਉੱਤਰ ਜਾਏਗੀ । ਉਹ ਲੋਕ ਕਹਿੰਦੇ ਹਨ ਜਪ ਸਾਹਿਬ ਨੂੰ.. ਸਾਹਿਬ ਦੀ ਮਹਿਮਾਂ ਵੀ ਹੈ। ਇੱਕ ਓਂਕਾਰ ਸਤਿਨਾਮ, ਅਕਾਲਮੂਰਤ। ਹੁਣ ਅਕਾਲਮੂਰਤ ਕੌਣ? ਕਹਿੰਦੇ ਹਨ ਸਤਿਗੁਰੂ ਅਕਾਲ। ਅਕਾਲਮੂਰਤ ਤੇ ਆਤਮਾ ਹੈ ਨਾ। ਉਸਨੂੰ ਕਦੀ ਕਾਲ ਖਾ ਨਹੀਂ ਸਕੇ। ਆਤਮਾ ਨੂੰ ਤਾਂ ਪਾਰਟ ਮਿਲਿਆ ਹੋਇਆ ਹੈ ਉਹ ਤਾਂ ਪਾਰਟ ਵਜਉਣਾ ਹੀ ਹੈ। ਆਤਮਾ ਨੂੰ ਕਾਲ ਖਾਵੇਗਾ ਕਿਸ ਤਰ੍ਹਾਂ। ਸ਼ਰੀਰ ਨੂੰ ਖਾ ਸਕਦਾ ਹੈ। ਆਤਮਾ ਤਾਂ ਅਕਾਲਮੂਰਤ ਹੈ। ਤੁਸੀਂ ਸਿੱਖਾਂ ਦੇ ਕੋਲ ਜਾਕੇ ਭਾਸ਼ਣ ਕਰ ਸਕਦੇ ਹੋ। ਜਿਸ ਤਰ੍ਹਾਂ ਗੀਤਾ ਵਾਲੇ ਵੀ ਭਾਸ਼ਣ ਕਰਦੇ ਹਨ। ਤੁਸੀਂ ਬੱਚੇ ਜਾਣਦੇ ਹੋ ਭਗਤੀ ਮਾਰਗ ਦੀ ਤਾਂ ਅਥਾਹ ਸਮੱਗਰੀ ਹੈ। ਗਿਆਨ ਜ਼ਰਾ ਵੀ ਨਹੀਂ। ਗਿਆਨ ਦਾ ਸਾਗਰ ਹੈ ਹੀ ਇੱਕ ਬਾਪ। ਮਨੁੱਖ ਨੂੰ ਗਿਆਨਵਾਨ ਨਹੀਂ ਕਿਹਾ ਜਾ ਜਾਏਗਾ। ਦੇਵਤੇ ਵੀ ਤਾਂ ਮਨੁੱਖ ਹਨ ਨਾ। ਪ੍ਰੰਤੂ ਦੈਵੀਗੁਣ ਹਨ ਇਸ ਲਈ ਦੇਵਤਾ ਕਿਹਾ ਜਾਂਦਾ ਹੈ । ਉਹਨਾਂ ਨੂੰ ਵੀ ਬਾਪ ਤੋਂ ਹੀ ਵਰਸਾ ਮਿਲਿਆ ਸੀ। ਤੁਸੀਂ ਵੀ ਇਸ ਰਾਜਯੋਗ ਨਾਲ ਵਿਸ਼ਵ ਦੇ ਮਾਲਿਕ ਬਣ ਰਹੇ ਹੋ। ਸਤਿਗੁਰੂ ਅਕਾਲ ਕਹਿੰਦੇ ਹਨ ਨਾ। ਸੱਚਾ ਤਾਂ ਉਹ ਇੱਕ ਹੀ ਬਾਪ ਹੈ। ਓਹ ਹੀ ਪਤਿਤ-ਪਾਵਨ ਹੈ। ਦੋ ਬਾਪ ਦਾ ਵੀ ਪਰਿਚੈ ਦੇਣਾ ਹੈ। ਤੁਹਾਨੂੰ ਭਾਸ਼ਣ ਦੇ ਲਈ ਦੋ ਮਿੰਟ ਵੀ ਮਿਲਣ ਤਾਂ ਵੀ ਬਹੁਤ ਹਨ। ਇੱਕ ਮਿੰਟ ਇੱਕ ਸੈਕੰਡ ਮਿਲੇ ਤਾਂ ਵੀ ਬਹੁਤ ਹੈ। ਜਿਨ੍ਹਾਂ ਨੂੰ ਕਲਪ ਪਹਿਲਾਂ ਤੀਰ ਲੱਗਾ ਹੋਵੇਗਾ ਉਹਨਾਂ ਨੂੰ ਹੀ ਲੱਗੇਗਾ, ਕੋਈ ਵੱਡੀ ਗੱਲ ਨਹੀਂ। ਸਿਰਫ਼ ਪੈਗ਼ਾਮ ਦੇਣਾ ਹੈ। ਬਾਬਾ ਨੇ ਸਮਝਾਇਆ ਹੈ - ਸਮਝੋ ਗੁਰੂ ਨਾਨਕ ਆਉਂਦਾ ਹੈ ਤਾਂ ਉਹ ਕੋਈ ਮੈਸਜ ਨਹੀਂ ਦੇਂਦੇ ਕਿ ਤੁਸੀਂ ਘਰ ਵਾਪਸ ਜਾਣਾ ਹੈ, ਇਸਦੇ ਲਈ ਪਵਿੱਤਰ ਬਣੋ। ਉਹ ਤਾਂ ਪਵਿੱਤਰ ਆਤਮਾਵਾਂ ਉਪਰੋਂ ਆਉਂਦੀਆਂ ਹਨ। ਉਹਨਾਂ ਦੇ ਧਰਮ ਦਾ ਵਾਧਾ ਹੁੰਦਾ ਹੈ, ਆਉਂਦੇ ਰਹਿੰਦੇ ਹਨ। ਅਸਲ ਵਿੱਚ ਸਦਗਤੀ ਦਾਤਾ ਕੋਈ ਮਨੁੱਖ ਹੋ ਨਹੀਂ ਸਕਦਾ। ਸਦਗਤੀ ਦਾਤਾ ਇੱਕ ਬਾਪ ਹੀ ਹੈ। ਮਨੁੱਖ ਤਾਂ ਮਨੁੱਖ ਹੀ ਹਨ ਫਿਰ ਸਮਝਾਇਆ ਜਾਂਦਾ ਹੈ ਫ਼ਲਾਣੇ ਧਰਮ ਦਾ ਹੈ। ਬਾਪ ਨੇ ਸਮਝਾਇਆ ਹੈ ਤੁਸੀਂ ਖ਼ੁੱਦ ਨੂੰ ਆਤਮਾ ਸਮਝੋ ਪਵਿੱਤਰ ਬਣੋ, ਗੁਰੂ ਨਾਨਕ ਨੇ ਕਿਹਾ ਹੈ ਮੂਤ ਪਲੀਤੀ ਕੱਪੜ ਧੋਇ... ਇਹ ਵੀ ਪਿੱਛੋ ਸ਼ਾਸ਼ਤਰ ਬਣਾਉਣ ਵਾਲਿਆਂ ਨੇ ਲਿਖਿਆ ਹੈ। ਪਹਿਲਾਂ ਤਾਂ ਬਹੁਤ ਥੋੜੇ ਹੁੰਦੇ ਹਨ। ਉਹਨਾਂ ਨੂੰ ਕੀ ਬੈਠ ਸੁਣਾਉਣਗੇ। ਇਹ ਗਿਆਨ ਵੀ ਬਾਪ ਤੁਹਾਨੂੰ ਹੁਣ ਦਿੰਦੇ ਹਨ, ਫਿਰ ਸ਼ਾਸਤਰ ਤਾਂ ਪਿੱਛੋਂ ਬਣਦੇ ਹਨ । ਸਤਿਯੁੱਗ ਵਿੱਚ ਤਾਂ ਸ਼ਾਸ਼ਤਰ ਹੁੰਦੇ ਨਹੀਂ । ਪਹਿਲਾਂ ਤਾਂ ਸਮਝਾਉਣਾ ਹੈ ਬਾਪ ਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ। ਵਿਨਾਸ਼ ਤਾਂ ਹੋਣਾ ਹੀ ਹੈ । ਪੁੱਛਣਾ ਚਾਹੀਦਾ ਹੈ ਸ੍ਰਵਵਿਆਪੀ ਕਿਸਨੂੰ ਕਹਿੰਦੇ ਹੋ ਜਿਸਦੀ ਇਹ ਮਹਿਮਾਂ ਗਾਉਂਦੇ ਹੋ ਇੱਕਓਂਕਾਰ ...ਉਹ ਤਾਂ ਬਾਪ ਠਹਿਰਿਆ ਨਾ। ਉਹਨਾਂ ਦੇ ਬੱਚੇ ਵੀ ਅਸੀਂ ਆਤਮਾਵਾਂ ਅਕਾਲਮੂਰਤ ਹਾਂ। ਸਾਡਾ ਤਖ਼ਤ ਇਹ ਹੈ। ਅਸੀਂ ਇੱਕ ਤਖ਼ਤ ਛੱਡ

ਦੂਸਰੇ ਤੇ ਬੈਠੇ ਹਾਂ। 84 ਤਖ਼ਤਾਂ ਤੇ ਬੈਠਦੇ ਹਾਂ। ਅਜੇ ਇਹ ਹੈ ਪੁਰਾਣੀ ਦੁਨੀਆਂ, ਕਿੰਨੇ ਹੰਗਾਮੇ ਹਨ। ਨਵੀਂ ਦੁਨੀਆਂ ਵਿੱਚ ਇਹ ਗੱਲਾਂ ਹੋ ਨਹੀਂ ਸਕਦੀਆਂ। ਉਥੇ ਤਾਂ ਇੱਕ ਹੀ ਧਰਮ ਹੁੰਦਾ ਹੈ। ਬਾਪ ਤੁਹਾਨੂੰ ਵਿਸ਼ਵ ਦੀ ਬਾਦਸ਼ਾਹੀ ਦੇ ਦੇਂਦੇ ਹਨ। ਤੁਹਾਡੇ ਉੱਤੇ ਕੋਈ ਚੜ੍ਹਾਈ ਨਹੀਂ ਕਰ ਸਕਦੇ। ਦਵਾਪਰ ਵਿੱਚ ਧਰਮ ਸਥਾਪਕ ਆਉਂਦੇ ਹਨ ਆਪਣੇ-ਆਪਣੇ ਧਰਮ ਦੀ ਸਥਾਪਨਾ ਕਰਨ। ਉਹਨਾਂ ਦਾ ਧਰਮ ਜਦੋਂ ਵਾਧੇ ਨੂੰ ਪਾਵੇ, ਤਾਕਤ ਵਿੱਚ ਆਉਣ ਫ਼ਿਰ ਲੜਾਈ ਦੀ ਗੱਲ ਹੋਵੇ। ਇਸਲਾਮੀ ਪਹਿਲਾਂ ਕਿੰਨੇ ਥੋੜ੍ਹੇ ਹੋਣਗੇ। ਤੁਹਾਡਾ ਧਰਮ ਤਾਂ ਇਥੇ ਸਥਾਪਤ ਹੁੰਦਾ ਹੈ। ਉਹ ਆਉਂਦੇ ਹੀ ਦਵਾਪਰ ਵਿੱਚ ਹਨ। ਉਸ ਸਮੇਂ ਹੀ ਧਰਮ ਸਥਾਪਤ ਹੁੰਦਾ ਹੈ। ਫ਼ਿਰ ਇੱਕ ਦੂਸਰੇ ਦੇ ਪਿੱਛੇ ਆਉਂਦੇ ਜਾਣਗੇ। ਇਹ ਬੜੀਆਂ ਸਮਝਣ ਦੀਆਂ ਗੱਲਾਂ ਹਨ। ਕੋਈ ਤਾਂ ਡਰਾਮਾ ਅਨੁਸਾਰ ਕੁਝ ਵੀ ਧਾਰਣ ਨਹੀਂ ਕਰ ਸਕਦੇ ਹਨ। ਬਾਪ ਸਮਝਾਉਂਦੇ ਹਨ ਜਰੂਰ ਉਹਨਾਂ ਦਾ ਪਦ ਘੱਟ ਹੋਵੇਗਾ। ਇਹ ਕੋਈ ਸ਼ਰਾਪ ਨਹੀਂ ਹੈ। ਮਾਲਾ ਤਾਂ ਮਹਾਵੀਰਾਂ ਦੀ ਬਣਦੀ ਹੈ। ਡਰਾਮਾ ਅਨੁਸਾਰ ਸਾਰੇ ਇਕੋ ਜਿਹਾ ਪੁਰਸ਼ਾਰਥ ਤਾਂ ਕਰ ਨਹੀਂ ਸਕਦੇ। ਪਹਿਲਾਂ ਵੀ ਨਹੀਂ ਕੀਤਾ ਹੋਵੇਗਾ। ਕਹਿਣਗੇ ਫਿਰ ਸਾਡਾ ਕੀ ਦੋਸ਼ ਹੈ। ਬਾਪ ਵੀ ਕਹਿੰਦੇ ਹਨ ਤੁਹਾਡਾ ਕੋਈ ਦੋਸ਼ ਨਹੀਂ। ਤਕਦੀਰ ਵਿੱਚ ਨਹੀਂ ਹੈ ਤਾਂ ਬਾਪ ਕੀ ਕਰ ਸਕਦੇ। ਸਮਝ ਸਕਦੇ ਹਨ ਕੌਣ-ਕੌਣ ਕਿਸ ਪਦ ਦੇ ਲਾਇਕ ਹਨ। ਸਿੱਖਾਂ ਨੂੰ ਵੀ ਸਮਝਾਉਣਾ ਹੈ ਕਿ ਸਾਹਿਬ ਨੂੰ ਜਪੋ ਤਾਂ ਸੁੱਖ-ਸ਼ਾਂਤੀ ਮਿਲੇ। ਉਹਨਾਂ ਨੂੰ ਸੁੱਖ ਓਦੋਂ ਮਿਲਦਾ ਹੈ ਜਦ ਉਹਨਾਂ ਦੇ ਧਰਮ ਦੀ ਸਥਾਪਨਾ ਹੁੰਦੀ ਹੈ। ਹੁਣ ਤਾਂ ਸਾਰੇ ਥੱਲੇ ਆ ਚੁੱਕੇ ਹਨ। ਤੁਸੀਂ ਮੰਨਦੇ ਹੋ ਸਤਿਗੁਰੂ ਅਕਾਲ.. ਫ਼ਿਰ ਗੁਰੂ ਕਿਸਨੂੰ ਕਹਿੰਦੇ ਹੋ? ਸਦਗਤੀ ਦੇਣ ਵਾਲਾ ਗੁਰੂ ਇੱਕ ਹੈ. ਭਗਤੀ ਸਿਖਾਉਣ ਵਾਲੇ ਤਾਂ ਢੇਰ ਗੁਰੂ ਚਾਹੀਦੇ। ਗਿਆਨ ਸਿਖਾਉਣ ਵਾਲਾ ਇੱਕ ਬਾਪ ਹੈ। ਤਾਂ ਤੁਸੀਂ ਮਾਤਾਵਾਂ ਉਹਨਾਂ ਨੂੰ ਸਮਝਾਉ ਕਿ ਇਹ ਕੜਾ ਜੋ ਤੁਸੀਂ ਪਾਉਂਦੇ ਹੋ ਇਹ ਵੀ ਪਵਿੱਤਰਤਾ ਦੀ ਨਿਸ਼ਾਨੀ ਹੈ। ਤੁਹਾਡਾ ਉਹ ਮੰਨ ਲੈਣਗੇ ਕਿਉਂਕਿ ਤੁਸੀਂ ਮਾਤਾਵਾਂ ਹੀ ਸਵਰਗ ਦਾ ਦਵਾਰ ਖੋਲ੍ਹਣ ਵਾਲੀਆਂ ਹੋ। ਤੁਹਾਨੂੰ ਮਾਤਾਵਾਂ ਨੂੰ ਹੁਣ ਗਿਆਨ ਦਾ ਕਲਸ਼ ਮਿਲਿਆ ਹੈ ਜਿਸ ਨਾਲ ਸਾਰਿਆਂ ਦੀ ਸਦਗਤੀ ਹੋ ਜਾਂਦੀ ਹੈ।

ਤੁਸੀਂ ਬੱਚੇ ਹੁਣ ਖੁੱਦ ਨੂੰ ਮਹਾਵੀਰ ਅਖਵਾਉਂਦੇ ਹੋ । ਤੁਸੀਂ ਕਹਿ ਸਕਦੇ ਹੋ ਅਸੀਂ ਗ੍ਰਹਿਸਥ ਵਿਹਾਰ ਵਿੱਚ ਰਹਿ ਸਵਰਗ ਦੀ ਸਥਾਪਨਾ ਕਰ ਰਹੇ ਹਾਂ। ਰਾਤ ਦਿਨ ਦਾ ਫ਼ਰਕ ਹੈ। ਇਹ ਜਟਾਵਾਂ ਵੀ ਪਵਿੱਤਰਤਾ ਦੀ ਨਿਸ਼ਾਨੀ ਹਨ। ਅਕਲਮੂਰਤ ਪਤਿਤ-ਪਾਵਨ ਦੀ ਮਹਿਮਾ ਪੂਰੀ ਕਰਨੀ ਚਾਹੀਦੀ ਏ । ਸਾਧੂ ਸੰਨਿਆਸੀ ਪਰਮਾਤਮਾ ਨਮਾ ਕਹਿੰਦੇ ਹਨ ਫਿਰ ਕਹਿੰਦੇ ਹਨ ਸਰਵਵਿਆਪੀ ਹੈ। ਇਹ ਹੈ ਰਾਂਗ। ਬਾਪ ਦੀ ਤੁਸੀਂ ਖ਼ੂਬ ਮਹਿਮਾਂ ਕਰੋ। ਬਾਪ ਦੀ ਮਹਿਮਾਂ ਨਾਲ ਤੁਸੀਂ ਤਰ ਜਾਂਦੇ ਹੋ। ਜਿਸ ਤਰ੍ਹਾਂ ਕਹਾਣੀ ਹੈ ਰਾਮ-ਰਾਮ ਕਹਿਣ ਨਾਲ ਪਾਰ ਹੋ ਜਾਣਗੇ। ਬਾਪ ਵੀ ਕਹਿੰਦੇ ਹਨ ਬਾਪ ਨੂੰ ਯਾਦ ਕਰਨ ਨਾਲ ਤੁਸੀਂ ਵਿਸ਼ ਸਾਗਰ ਤੋਂ ਪਾਰ ਹੋ ਜਾਓਗੇ। ਤੁਹਾਨੂੰ ਸਾਰਿਆਂ ਨੂੰ ਮੁਕਤੀ ਵਿੱਚ ਜਾਣਾ ਹੀ ਹੈ। ਤੁਸੀਂ ਅਮ੍ਰਿਤਸਰ ਵਿੱਚ ਜਾ ਕੇ ਭਾਸ਼ਣ ਕਰੋ ਕਿ ਤੁਸੀਂ ਬੋਲਦੇ ਹੋ ਸਤਿਗੁਰੂ ਅਕਾਲਮੂਰਤ… ਪਰ ਓਹ ਹੁਣ ਕਹਿੰਦੇ ਹਨ ਦੇਹ ਸਮੇਤ ਦੇਹ ਦੇ ਸਭ ਧਰਮਾਂ ਨੂੰ ਛੱਡ ਖੁੱਦ ਨੂੰ ਆਤਮਾ ਸਮਝੋ। ਬਾਪ ਨੂੰ ਯਾਦ ਕਰੋ ਤਾਂ ਪਾਪ ਭਸਮ ਹੋ ਜਾਣਗੇ। ਅੰਤ ਮਤੀ ਸੋ ਗਤੀ ਹੋ ਜਾਏਗੀ। ਸ਼ਿਵਬਾਬਾ ਅਕਲਮੂਰਤ, ਨਿਰਾਕਾਰ ਹੈ। ਤੁਸੀਂ ਆਤਮਾ ਵੀ ਨਿਰਾਕਾਰ ਹੋ। ਬਾਪ ਕਹਿੰਦੇ ਮੇਰਾ ਸ਼ਰੀਰ ਤਾਂ ਹੈ ਨਹੀਂ। ਮੈਂ ਲੋਨ ਲੈਂਦਾ ਹਾਂ। ਮੈਂ ਆਉਂਦਾ ਹੀ ਪਤਿਤ ਦੁਨੀਆਂ ਵਿੱਚ ਹਾਂ - ਰਾਵਣ ਤੇ ਜਿੱਤ ਪਉਣ। ਇਥੇ ਹੀ ਡਾਇਰੈਕਸ਼ਨ ਦੇਵਾਂਗਾ ਕਿਉਂਕਿ ਪਤਿਤ ਹੁੰਦੇ ਹੀ ਪੁਰਾਣੀ ਦੁਨੀਆਂ ਵਿੱਚ ਹਨ। ਨਵੀਂ ਦੁਨੀਆਂ ਵਿੱਚ ਇੱਕ ਹੀ ਦੇਵੀ ਦੇਵਤਾ ਧਰਮ ਸੀ, ਉਸ ਸਮੇਂ ਹੋਰ ਸਾਰੇ ਸ਼ਾਂਤੀਧਾਮ ਵਿੱਚ ਰਹਿੰਦੇ ਹਨ। ਫਿਰ ਨੰਬਰਵਾਰ ਸਤੋ ਰਜੋ ਤਮੋਂ ਵਿੱਚ ਆਉਂਦੇ ਹਨ। ਜਿਨਾਂਨੂੰ ਸੁੱਖ ਬਹੁਤ ਮਿਲਦਾ ਹੈ ਉਹਨਾਂ ਨੂੰ ਦੁੱਖ ਵੀ ਬਹੁਤ ਮਿਲਦਾ ਹੈ।

ਤੁਸੀਂ ਸਾਰਿਆਂ ਨੂੰ ਬਾਪ ਦਾ ਪੈਗ਼ਾਮ ਦੇਣਾ ਹੈ ਕਿ ਬਾਪ ਨੂੰ ਯਾਦ ਕਰੋਗੇ ਤਾਂ ਘਰ ਪਹੁੰਚ ਜਾਓਗੇ। ਸਦਗਤੀ ਸਾਰਿਆਂ ਦੀ ਓਦੋਂ ਹੁੰਦੀ ਹੈ ਜਦੋਂ ਝਾੜ ਪੂਰਾ ਹੁੰਦਾ ਹੈ, ਸਭ ਆ ਜਾਂਦੇ ਹਨ । ਇਸ ਤਰ੍ਹਾਂ ਤੁਸੀਂ ਵੀ ਕਿਸੇ ਨੂੰ ਬਹੁਤ ਪਿਆਰ ਅਤੇ ਧੀਰਜ ਨਾਲ ਸਮਝਾਓ। ਤੁਹਾਨੂੰ ਚਿੱਤਰ ਚੁੱਕਣ ਦੀ ਵੀ ਲੋੜ ਨਹੀਂ ਹੈ। ਅਸਲ ਵਿੱਚ ਚਿੱਤਰ ਹਨ ਨਵਿਆਂ ਦੇ ਲਈ। ਤੁਸੀਂ ਕਿਸੇ ਵੀ ਧਰਮ ਵਾਲੇ ਨੂੰ ਸਮਝਾ ਸਕਦੇ ਹੋ। ਪਰ ਬੱਚਿਆਂ ਵਿੱਚ ਇਤਨਾ ਯੋਗ ਨਹੀਂ ਜੋ ਤੀਰ ਲੱਗੇ। ਕਹਿੰਦੇ ਹਨ ਬਾਬਾ ਅਸੀਂ ਹਾਰ ਖਾ ਲੈਂਦੇ ਹਾਂ। ਮਾਇਆ ਇਕਦਮ ਕਾਲਾ ਮੂੰਹ ਕਰਾ ਦੇਂਦੀ ਹੈ, ਉਹਨਾਂ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਿ ਅਸੀਂ ਦੇਵਤਾ ਸੀ। ਇਸ ਸਮੇਂ ਅਸੁਰ ਬਣ ਗਏ ਹਾਂ।

ਹੁਣ ਬਾਬਾ ਕਹਿੰਦੇ ਹਨ ਖੁੱਦ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ । ਬਾਪ ਦਾ ਪੈਗ਼ਾਮ ਸਰਿਆਂ ਨੂੰ ਦੇਂਦੇ ਰਹੋ। ਬਾਈਸਕੋਪ ਦੇ ਸਲਾਈਡਸ ਤੇ ਵੀ ਲਿਖੋ ਕਿ ਤ੍ਰਿਮੂਰਤੀ ਪਰਮਪਿਤਾ ਪਰਮਾਤਮਾ ਸ਼ਿਵ ਕਹਿੰਦੇ ਹਨ ਮਾਮੇਕਮ ਯਾਦ ਕਰੋ ਤਾਂ ਤੁਹਾਡੇ ਵਿਕਰਮ ਵਿਨਾਸ਼ ਹੋਣਗੇ। ਤੁਸੀਂ ਮੁਕਤੀ ਜੀਵਨ ਮੁਕਤੀ ਪਾ ਲਓਗੇ। ਪੈਗ਼ਾਮ ਤਾਂ ਸਾਰਿਆਂ ਨੂੰ ਦੇਣਾ ਹੈ ਨਾ। ਸਲਾਈਡ ਵੀ ਬਣ ਜਾਣੀ ਚਾਹੀਦੀ। ਇਸ ਵਿੱਚ ਇਹ ਜਿਵੇਂ ਇੱਕ ਵਸ਼ੀਕਰਨ ਮੰਤਰ ਮਨਮਨਾਭਵ ਦਾ ਸਰਿਆਂ ਨੂੰ ਦਿਓ। ਇਸ ਪੜ੍ਹਾਈ ਵਿੱਚ ਦੇਰੀ ਨਹੀਂ ਲੱਗਦੀ। ਅੱਗੇ ਚੱਲਕੇ ਸਾਰੇ ਸਮਝਣਗੇ। ਕੋਈ ਫ਼ਿਕਰ ਦੀ ਗੱਲ ਨਹੀਂ। ਫ਼ਿਕਰ ਤੋਂ ਰਹਿਤ ਤਾਂ ਹੋਣਾ ਹੀ ਹੈ। ਮਨੁੱਖ ਦੇਖੋ - ਮੌਤ ਤੋਂ ਕਿੰਨਾ ਡਰਦੇ ਹਨ। ਇਥੇ ਡਰਨ ਦੀ ਤਾਂ ਕੋਈ ਗੱਲ ਹੀ ਨਹੀਂ। ਤੁਸੀਂ ਤਾਂ ਕਹੋਗੇ ਅਜੇ ਮੌਤ ਨਾ ਆਵੇ। ਅਜੇ ਅਸੀਂ ਇਮਤਿਹਾਨ ਹੀ ਪੂਰਾ ਕਦੋਂ ਕੀਤਾ ਹੈ। ਅਜੇ ਯਾਤਰਾ ਪੂਰੀ ਨਹੀਂ ਕੀਤੀ ਹੈ ਤਾਂ ਸ਼ਰੀਰ ਕਿਉਂ ਛੱਡਣਾ ਚਾਹੀਦਾ। ਇਸ ਤਰ੍ਹਾਂ ਮਿੱਠੀਆਂ-ਮਿੱਠੀਆਂ ਗੱਲਾਂ ਬਾਪ ਦੇ ਨਾਲ ਕਰਨੀਆਂ ਹਨ। ਬਹੁਤ ਅੱਛੀ ਟੇਵ (ਆਦਤ) ਪੈ ਜਾਵੇਗੀ। ਏਥੇ ਚਿੱਤਰ ਦੇ ਅੱਗੇ ਆਕੇ ਬੈਠ ਜਾਵੋ। ਤੁਸੀਂ ਜਾਣਦੇ ਹੋ ਸਾਨੂੰ ਬਾਬਾ ਤੋਂ ਵਿਸ਼ਵ ਦੀ ਰਾਜਾਈ ਮਿਲਦੀ ਹੈ। ਤਾਂ ਅਜਿਹੇ ਬਾਪ ਨੂੰ ਬਹੁਤ ਯਾਦ ਕਰਨਾ ਚਾਹੀਦਾ ਹੈ ਨਾ। ਯਾਦ ਨਹੀਂ ਕਰਨਗੇ ਤਾਂ ਸਜਾਵਾਂ ਭੋਗਣੀਆਂ ਪੈਣਗੀਆਂ। ਬਾਬਾ ਨੂੰ ਤਾਂ ਯਾਦ ਪੈ ਗਿਆ ਹੈ ਕਿ ਅਸੀਂ ਇਹ ਬਣਨ ਵਾਲੇ ਹਾਂ। ਤਾਂ ਬਹੁਤ ਖੁਸ਼ੀ ਹੁੰਦੀ ਹੈ ਕਿ ਅਸੀਂ ਇਹ

ਬਣਾਂਗੇ। ਦੇਖਣ ਨਾਲ ਹੀ ਨਸ਼ਾ ਚੜ੍ਹ ਜਾਂਦਾ ਹੈ। ਤੁਹਾਨੂੰ ਵੀ ਇਹ ਬਣਨਾ ਹੈ। ਬਾਬਾ ਅਸੀਂ ਤੁਹਾਨੂੰ ਯਾਦ ਕਰਕੇ ਇਸ ਤਰ੍ਹਾਂ ਬਣਾਂਗੇ ਜ਼ਰੂਰ। ਹੋਰ ਕੋਈ ਕੰਮ ਨਹੀਂ ਹੈ ਤਾਂ ਏਥੇ ਚਿੱਤਰਾਂ ਦੇ ਸਾਹਮਣੇ ਆਕੇ ਬੈਠ ਜਾਓ। ਬਾਪ ਦੁਆਰਾ ਸਾਨੂੰ ਇਹ ਵਰਸਾ ਮਿਲਦਾ ਹੈ। ਇਹ ਪੱਕਾ ਕਰ ਦਿਓ। ਇਹ ਯੁਕਤੀ ਘੱਟ ਨਹੀਂ ਹੈ। ਪਰ ਤਕਦੀਰ ਵਿੱਚ ਨਹੀਂ ਹੈ ਤਾਂ ਯਾਦ ਨਹੀਂ ਕਰਦੇ। ਬਾਬਾ ਕਹਿੰਦੇ ਹਨ ਏਥੇ ਆਉਂਦੇ ਹੋ ਤਾਂ ਬਹੁਤ ਪ੍ਰੈਕਟਿਸ ਕਰੋ। ਤਾਂ ਜੋ ਕੁਝ ਗ੍ਰਹਿਚਾਰੀ ਹੋਵੇਗੀ ਉਹ ਉਤਰ ਜਾਵੇਗੀ। ਪੌੜੀ ਦੇ ਚਿੱਤਰ ਤੇ ਇਹ ਵਿਚਾਰ ਕਰੋ। ਪਰ ਤਕਦੀਰ ਵਿੱਚ ਨਹੀਂ ਹੈ ਤਾਂ ਸ਼੍ਰੀਮਤ ਤੇ ਚੱਲ ਨਹੀਂ ਸਕਦੇ। ਬਾਬਾ ਰਸਤਾ ਦੱਸਦੇ ਹਨ ਮਾਇਆ ਕੱਟ ਦੇਂਦੀ ਹੈ। ਬਾਬਾ ਯੁਕਤੀਆਂ ਬਹੁਤ ਦੱਸਦੇ ਹਨ। ਬਾਪ ਅਤੇ ਵਰਸੇ ਨੂੰ ਯਾਦ ਕਰਦੇ ਰਹੋ। ਕਹਿੰਦੇ ਹਨ ਅਤੀਇੰਦਰੀਆ ਸੁੱਖ ਗੋਪ ਗੋਪੀਆਂ ਤੋਂ ਪੁੱਛੋ, ਜਿਨ੍ਹਾਂ ਨੂੰ ਨਿਸ਼ਚੇ ਹੈ ਕਿ ਅਸੀਂ ਬਾਪ ਤੋਂ ਵਰਸਾ ਜ਼ਰੂਰ ਲਵਾਂਗੇ। ਬਾਬਾ ਸਵਰਗ ਦੀ ਸਥਾਪਨਾ ਕਰਕੇ ਸਾਨੂੰ ਉਸਦਾ ਮਾਲਿਕ ਬਣਉਂਦੇ ਹਨ। ਚਿੱਤਰ ਵੀ ਇਸ ਤਰ੍ਹਾਂ ਦੇ ਬਣੇ ਹੋਏ ਹਨ। ਤੁਸੀਂ ਸਿੱਧ ਕਰਕੇ ਦੱਸਦੇ ਹੋ ਕੇ ਬ੍ਰਹਮਾ, ਵਿਸ਼ਨੂੰ ਦਾ ਕੀ ਸੰਬੰਧ ਹੈ। ਹੋਰ ਕਿਸੇ ਨੂੰ ਵੀ ਪਤਾ ਨਹੀਂ, ਬ੍ਰਹਮਾ ਦਾ ਚਿੱਤਰ ਦੇਖ ਮੂੰਝ ਜਾਂਦੇ ਹਨ। ਸਥਾਪਨਾ ਵਿੱਚ ਟਾਈਮ ਜ਼ਰੂਰ ਲੱਗਦਾ ਹੈ, ਕਰਮਾਤੀਤ ਅਵਸਥਾ ਵਿੱਚ ਵੀ ਟਾਈਮ ਲੱਗਦਾ ਹੈ। ਘੜੀ-ਘੜੀ ਭੁੱਲ ਜਾਂਦੇ ਹਨ। ਇਹ ਆਦਤ ਪਾਉਣੀ ਚਾਹੀਦੀ ਹੈ। ਨੌਂਦਾ ਭਗਤੀ ਵਾਲੇ ਵੀ ਚਿੱਤਰ ਦੇ ਅੱਗੇ ਬੈਠ ਜਾਂਦੇ ਹਨ - ਸਾਨੂੰ ਦਿਦਾਰ ਹੋਵੇ। ਤੁਸੀਂ ਇਹ ਬਣਦੇ ਹੋ ਤੁਹਾਨੂੰ ਯਾਦ ਕਰਨਾ ਚਾਹੀਦਾ। ਬੈਜ ਵੀ ਤੁਹਾਡੇ ਕੋਲ ਹੈ। ਬਾਬਾ ਆਪਣਾ ਭਗਤੀ ਮਾਰਗ ਦਾ ਮਿਸਾਲ ਦੱਸਦੇ ਹਨ ਕਿ ਨਰਾਇਣ ਦੀ ਮੂਰਤੀ ਨਾਲ ਮੇਰਾ ਬਹੁਤ ਪਿਆਰ ਸੀ। ਉਹ ਸਬ ਸੀ ਭਗਤੀ ਮਾਰਗ। ਹੁਣ ਬਾਬਾ ਕਹਿੰਦੇ ਮਾਮੇਕਮ ਯਾਦ ਕਰੋ ਹੋਰ ਕੁੱਝ ਵੀ ਨਹੀਂ ਕਰਨਾ ਹੈ। ਬਾਬਾ ਕਹਿੰਦੇ ਅਸੀਂ ਤਾਂ ਓਬੀਡੈਂਟ ਸਰਵੈਂਟ ਹਾਂ। ਸਾਨੂੰ ਤੁਸੀਂ ਮੱਥਾ ਕਿਉਂ ਟੇਕਦੇ ਹੋ। ਅੱਛਾ!

ਮਾਤ-ਪਿਤਾ ਬਾਪਦਾਦਾ ਦਾ ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਨਿਰਮਾਣਤਾ ਦਾ ਗੁਣ ਧਾਰਨ ਕਰਨਾ ਹੈ। ਜ਼ਰਾ ਵੀ ਹੰਕਾਰ ਵਿੱਚ ਨਹੀਂ ਆਉਣਾ ਹੈ। ਅਜਿਹਾ ਮਹਾਂਵੀਰ ਬਣਨਾ ਹੈ ਜੋ ਮਾਇਆ ਹਿਲਾ ਨਾ ਸਕੇ।

2. ਸਾਰਿਆਂ ਨੂੰ ਮਨਮਨਾਭਵ ਦਾ ਵਸ਼ੀਕਰਨ ਮੰਤਰ ਸੁਣਾਉਣਾ ਹੈ। ਬਹੁਤ ਪਿਆਰ ਅਤੇ ਧੀਰਜ ਨਾਲ ਸਾਰੀਆਂ ਗਿਆਨ ਦੀਆਂ ਗੱਲਾਂ ਸੁਣਾਉਣੀਆਂ ਹਨ। ਬਾਪ ਦਾ ਪੈਗਾਮ ਸਾਰੇ ਧਰਮ ਵਾਲਿਆਂ ਨੂੰ ਦੇਣਾ ਹੈ ।

ਵਰਦਾਨ:- ਕਰਮ ਅਤੇ ਸੰਬੰਧ ਦੋਵਾਂ ਵਿਚ ਸਵਾਰਥ ਭਾਵ ਤੋਂ ਮੁਕਤ ਰਹਿਣ ਵਾਲੇ ਬਾਪ ਸਮਾਨ ਕਰਮਾਤੀਤ ਭਵ।

ਤੁਸੀਂ ਬੱਚਿਆਂ ਦੀ ਸੇਵਾ ਹੈ ਸਭ ਨੂੰ ਮੁਕਤ ਬਣਾਉਣ ਦੀ। ਤਾਂ ਹੋਰਾਂ ਨੂੰ ਮੁਕਤ ਬਣਾਉਦੇ ਖੁਦ ਨੂੰ ਬੰਧਨ ਵਿਚ ਬੰਨ੍ਹ ਨਹੀਂ ਦੇਣਾ। ਜਦੋਂ ਹੱਦ ਦੇ ਮੇਰੇ - ਮੇਰੇ ਤੋਂ ਮੁਕਤ ਹੋਵੋਗੇ ਤਾਂ ਅਵਿਅਕਤ ਸਥਿਤੀ ਦਾ ਅਨੁਭਵ ਕਰ ਸਕੋਗੇ। ਜੋ ਬੱਚੇ ਲੌਕਿਕ ਅਤੇ ਅਲੌਕਿਕ, ਕਰਮ, ਅਤੇ ਸੰਬੰਧ ਦੋਵਾਂ ਵਿਚ ਸਵਾਰਥ ਭਾਵ ਤੋਂ ਮੁਕਤ ਹਨ ਉਹ ਹੀ ਬਾਪ ਸਮਾਨ ਸਥਿਤੀ ਦਾ ਅਨੁਭਵ ਕਰ ਸਕਦੇ ਹਨ। ਤਾਂ ਚੈਕ ਕਰੋ ਕਿੱਥੋਂ ਤੱਕ ਕਰਮਾਂ ਦੇ ਬੰਧਨ ਤੋਂ ਨਿਆਰੇ ਬਣੇ ਹੋ? ਵਿਅਰਥ ਸੁਭਾਅ - ਸੰਸਕਾਰ ਦੇ ਵਸ਼ ਹੋਣ ਤੋਂ ਮੁਕਤ ਬਣੇ ਹੋ? ਕਦੇ ਕੋਈ ਪਿਛਲਾ ਸੁਭਾਅ ਸੰਸਕਾਰ ਵਸ਼ੀਭੂਤ ਤੇ ਨਹੀਂ ਬਣਾਉਂਦਾ ਹੈ?

ਸਲੋਗਨ:- ਸਮਾਨ ਅਤੇ ਸੰਪੂਰਨ ਬਣਨਾ ਹੈ ਤਾਂ ਸਨੇਹ ਦੇ ਸਾਗਰ ਵਿਚ ਸਮਾ ਜਾਵੋ।

******

ਅਵਿਅਕਤ ਸਾਇਲੇਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ

ਹੁਣ ਤੀਵ੍ਰ ਪੁਰਸ਼ਾਰਥ ਦਾ ਇਹ ਹੀ ਲਕਸ਼ ਰੱਖੋ ਕਿ ਮੈਂ ਡਬਲ ਲਾਈਟ ਫਰਿਸ਼ਤਾ ਹਾਂ, ਚਲਦੇ - ਫਿਰਦੇ ਫਰਿਸ਼ਤਾ ਸਵਰੂਪ ਦੀ ਅਨੁਭੂਤੀ ਨੂੰ ਵਧਾਓ। ਡੀਪ ਸਾਇਲੈਂਸ ਦਵਾਰਾ ਅਸ਼ਰੀਰੀਪਨ ਦਾ ਅਭਿਆਸ ਕਰੋ। ਸੈਕਿੰਡ ਵਿੱਚ ਕੋਈ ਵੀ ਸੰਕਲਪਾਂ ਨੂੰ ਖਤਮ ਕਰਨ ਵਿੱਚ, ਸੁਭਾਵ - ਸੰਸਕਾਰ ਵਿੱਚ ਡਬਲ ਲਾਈਟ ਰਹੋ।